# ਸਾਲਾਨਾ ਰਿਪੋਰਟ
# ਸਰਕਾਰੀ ਕਾਲਜ ਲੜਕੀਆਂ, ਪਟਿਆਲਾ
# 2020-21

**ਕੋਵਿਡ ਮਹਾਂਮਾਰੀ ਕਾਰਨ ਸੈਸ਼ਨ 2020-21 ਦੌਰਾਨ ਸਾਲਾਨਾ ਇਨਾਮ ਵੰਡ ਸਮਾਰੋਹ ਨਹੀਂ ਕਰਾਇਆ ਗਿਆ।**

## ਕਾਲਜ ਦਾ ਪਿਛੋਕੜ

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਇੱਕ ਨਾਮਵਾਰ ਸੰਸਥਾ ਹੈ।ਮੈਂਨੂੰ ਇਹ ਦੱਸਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ ***NAAC ਵੱਲੋਂ 'ਏ' ਗਰੇਡ*** ਹਾਸਿਲ ਕਰਨ ਵਾਲੀ ਇਹ ਸੰਸਥਾ , 2017 ਵਿੱਚ ਆਪਣੇ 75 ਵਰ੍ਹਿਆਂ ਦਾ ਸ਼ਾਨਦਾਰ ਸਫ਼ਰ ਕਾਮਯਾਬੀ ਦੀ ਬੁਲੰਦੀਆਂ ਨੂੰ ਛੂੰਹਦੇ ਹੋਏ ਮੁਕੰਮਲ ਕਰ ਚੁੱਕੀ ਹੈ। 20 ਜੂਨ , 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆ ਗਰਲਜ਼ ਸਕੂਲ , ਪਟਿਆਲਾ ਵਿਖੇ ਸ਼ੁਰੂ ਹੋਈਆਂ। ਉਸ ਸਮੇਂ ਇਸ ਦਾ ਨਾਂ ਵਿਕਟੋਰੀਆ ਗਰਲਜ਼ ਕਾਲਜ ਰੱਖਿਆ ਗਿਆ।ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ । ਇਹ ਪੈਪਸੂ ਸਰਕਾਰ ਦਾ ਪਹਿਲਾ ਲੜਕੀਆਂ ਦਾ ਡਿਗਰੀ ਕਾਲਜ ਸੀ।ਇਸ ਉਪਰੰਤ ਇਸ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਫਾਰ ਵਿਮੈਨ' ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਉਸ ਵਕਤ ਦੇ ਉਪ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ।ਮਹਾਰਾਣੀ ਮਹਿੰਦਰ ਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ 1992 ਵਿਖੇ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ. ਬੇਅੰਤ ਸਿੰਘ ਤਦ ਮੁੱਖ ਮੱਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋਂ ਬਦਲ ਕੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ(ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂ ਨੂੰ ਵਧੀਆ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ।ਆਪਣੀਆਂ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ, ਸ਼ਿਵਮ , ਸੁੰਦਰਮ ( ਸੱਚਾ-ਸੁੱਚਾ , ਕਲਿਆਣਮਈ, ਸੋਹਣਾ) ਨੂੰ ਸਾਕਾਰ ਕਰਦਿਆਂ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸ਼ੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ , ਅਕਾਦਮਿਕ, ਐਨ.ਸੀ.ਸੀ. , ਐਨ.ਐਸ.ਐਸ. , ਰੈੱਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁਲਿਤ ਕਰਦਾ ਆ ਰਿਹਾ ਹੈ।

**ਹੁਣ ਮੈਂ ਆਪ ਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੀ ਸਾਲ 2020-21 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।**

## ਦਾਖਲੇ

ਇਸ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ ਲਗਭਗ 1758 ਵਿਦਿਆਰਥਣਾਂ ਨੇ ਦਾਖਲਾ ਲਿਆ।ਕਾਲਜ ਵਿੱਚ ਅੰਡਰ ਗ੍ਰੈਜੂਏਟ ਕੋਰਸਜ਼ ਵਿੱਚ **ਬੀ.ਏ.** (ਆਰਟਸ), **ਬੀ.ਐਸ.ਸੀ.** (ਹੋਮ ਸਾਇੰਸ), **ਬੀ.ਐਸ.ਸੀ. (**ਬਾਇਓਟੈਕਨਾਲੋਜੀ) ਅਤੇ **ਬੀ.ਐਸ.ਸੀ.** (ਮੈਡੀਕਲ ਅਤੇ ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼) ਪੜ੍ਹਾਏ ਜਾਂਦੇ ਹਨ। ਪੋਸਟ ਗ੍ਰੈਜੂਏਟ ਕੋਰਸਜ਼ ਵਿੱਚ **ਐਮ.ਏ. ( ਡਾਂਸ, ਕੋਮਲ ਕਲਾ ਅਤੇ ਸੰਗੀਤ ਗਾਇਨ)** ਅਤੇ **ਐਮ.ਐਸ.ਸੀ. (ਫੂਡ ਐਂਡ ਨਿਊਟ੍ਰੀਸ਼ਨ**) ਪੜ੍ਹਾਏ ਜਾਂਦੇ ਹਨ।ਬੀ.ਏ. ਆਰਟਸ ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜਾਇਆ ਜਾਂਦਾ ਹੈ।ਅੰਗ੍ਰੇਜ਼ੀ, ਹਿੰਦੀ, ਮਨੋਵਿਗਿਆਨ , ਰਾਜਨੀਤੀ ਸ਼ਾਸਤਰ, ਫਿਲਾਸਫੀ ਅਤੇ ਇਕਨਾਮਿਕਸ ਵਿਸ਼ਿਆਂ ਵਿੱਚ ਆਨਰਜ਼ ਦਾ ਵੀ ਪ੍ਰਬੰਧ ਹੈ। **HEIS ਅਧੀਨ ਕਾਲਜ ਵਿੱਚ ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਵੀ ਸ਼ੁਰੂ ਕੀਤੀ ਗਈ ਹੈ ।**

## ਸਟਾਫ

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ 28 ਰੈਗੂਲਰ ਲੈਕਚਰਾਰ 01 ਕੰਟਰੈਕਚੂਅਲ ਅਤੇ 11 ਪਾਰਟ-ਟਾਈਮ ਲੈਕਚਰਾਰ ਹਨ।ਇਸ ਤੋਂ ਇਲਾਵਾ 24 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 06 ਕਾਂਟ੍ਰੈਕਟ ਬੇਸਿਸ (ਸੈਲਫ਼ ਫਾਇਨਾਂਸ ਕੋਰਸ) ਤੇ ਪੜ੍ਹਾ ਰਹੇ ਹਨ।ਕਾਲਜ ਵਿੱਚ ਇੱਕ ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਡਾ. ਨਵਦੀਪ ਕਹੋਲ (ਐਸੋ. ਪ੍ਰੋ. ਅੰਗੇਜ਼ੀ) ਕਾਲਜ ਤੋਂ ਬਦਲ ਕੇ ਸਰਕਾਰੀ ਕਲਜ ਡੇਰਾਬਸੀ ਵਿਖੇ ਗਏ ਅਤੇ ਪ੍ਰੋ. ਅਨਿਲ ਭਾਰਤੀ (ਐਸੋ. ਪ੍ਰੋ. ਸੰਕੀਤ ਗਾਇਨ ) ਤੇ ਪ੍ਰੋ. ਬਲਵਿੰਦਰ ਕੌਰ (ਪਾਰਟ ਟਾਈਮ ਲੈਕਚਰਾਰ) ਹਿੰਦੀ ਬਦਲ ਕੇ ਕਾਲਜ ਵਿਖੇ ਹਾਜਰ ਹੋਏ।

## ਪ੍ਰਬੰਧਕੀ ਅਮਲਾ

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ ਇੱਕ ਸੁਪਰਡੈਂਟ ਤੋਂ ਇਲਾਵਾ 13 ਦਰਜਾ ਤਿੰਨ ਅਤੇ 11 ਦਰਜਾ ਚਾਰ ਕਰਮਚਾਰੀ ਹਨ।

## *ਵਿਭਾਗੀ ਗੀਤਵਿਧੀਆਂ*

- **ਇਤਿਹਾਸ ਵਿਭਾਗ**

2 ਅਕਤੂਬਰ 2020 ਮਹਾਤਮਾ ਗਾਧੀ ਜਯੰਤੀ ਦੇ ਮੌਕੇ ਬੀ.ਏ. ਭਾਗ ਦੂਜਾ ਦੇ ਇਤਿਹਾਸ ਦੇ ਵਿਦਿਆਰਥੀਆਂ ਦਾ ਆਨਲਾਈਨ ਵੈਬੀਨਾਰ ਕਰਵਾਇਆ ਗਿਆ। ਇਸ ਵੈਬੀਨਾਰ ਵਿੱਚ ਪ੍ਰੋ. ਸਕਿੰਦਰ ਕੌਰ ਡਾ. ਅਨਿਲਾ ਸੁਲਤਾਨਾ , ਪ੍ਰੋ. ਸੰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਜਾਣੂੰ ਕਰਵਾਇਆ। ਇਸ ਵਿੱਚ ਵਿਦਿਆਰਥੀਆਂ ਨੇ ਵੀ ਆਪਣੇ ਵਿਚਾਰ ਦਿੱਤੇ।08 ਮਾਰਚ, 2021, Women Day ਦੇ ਮੌਕੇ Topic:- Great women personalities in indian history ਵਿਦਿਆਰਥੀਆਂ ਨੇ Ruliny women in indian history ਦੇ ਚਾਰਟ ਬਣਾਏ।Women day ਤੇ ਵਿਦਿਆਰਥੀਆਂ ਨੇ ਕਵਿਤਾ ਦੇ ਰੂਪ ਵਿੱਚ ਆਪਣੇ ਵਿਚਾਰ ਲਿਖੇ।

ਮਿਤੀ 12.03.2021 ਨੂੰ ਭਾਰਤ ਦੀ ਅਜ਼ਾਦੀ ਦਾ ਸੰਘਰਸ਼ ਵਿਸ਼ੇ ਤੇ ਭਾਰਤ ਦੀ ਅਜ਼ਾਦੀ ਦੀ 75ਵੀਂ ਵਰੇਗੰਢ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਪ੍ਰੋ. ਸਕਿੰਦਰ ਕੌਰ ਵੱਲੋਂ ਪੰਜਾਬ ਦੇ ਅਜ਼ਾਦੀ ਘੁਲਾਟੀਆਂ ਦੇ ਯੋਗਦਾਨ ਬਾਰੇ ਜਾਣੂੰ ਕਰਵਾਇਆ। ਡਾ. ਅਨਿਲਾ ਸੁਲਤਾਨਾ ਵੱਲੋਂ 1947 ਦੇ ਪਿਛੋਕੜ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।ਪ੍ਰੋ. ਸੰਦੀਪ ਸਿੰਘ ਦੇ ਗਦਰ ਪਾਰਟੀ ਦੀ ਅਜ਼ਾਦੀ ਵਿੱਚ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਦੱਸਿਆ। ਇਤਿਹਾਸ ਵਿਭਾਗ ਦੇ ਵਿਦਿਆਰਥੀ ਲਵਲੀਨ ਸ਼ਰਮਾ ਨੇ ਅਜ਼ਾਦੀ ਘੁਲਾਟੀਆਂ ਤੋਂ ਸ਼ੁਰੂ ਕਰਕੇ 1857 ਦਾ ਵਿਦਰੋਹ ਅਤੇ ਵਲੱਭਭਾਈ ਪਟੇਲ ਬਾਰੇ ਜਾਣਕਾਰੀ ਦਿੱਤੀ।

- **ਜੋਗਰਫ਼ੀ ਵਿਭਾਗ**

ਜੋਗਰਫ਼ੀ ਵਿਭਾਗ ਵੱਲੋਂ ਸਾਲ 2020-21 ਦੌਰਾਨ ਵਿਦਿਆਰਥਣਾਂ ਵਿਚਕਾਰ ਨਕਸ਼ਾ ਬਣਾਉਣ, ਚਾਰਟ ਬਣਾਉਣ ਅਤੇ ਲੇਖ ਲਿਖਣ ਮੁਕਾਬਲੇ ਕਰਵਾਏ ਗਏ। ਇਸ ਵਿੱਚ ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਜੇਤੂਆਂ ਨੂੰ ਸਰਟੀਫਿਕੇਟ ਦਿੱਤੇ ਗਏ।

- **ਪੰਜਾਬੀ ਵਿਭਾਗ**

ਨਵੰਬਰ 2020 ਵਿੱਚ ***ਪੰਜਾਬੀ ਸਪਤਾਹ*** ਮਨਾਇਆ, ਜਿਸ ਅਧੀਨ ਸਲੋਗਨ ਲੇਖ, ਕਾਵਿ-ਉਚਾਰਨ ਮੁਕਾਬਲਾ ਕਰਵਾਇਆ।ਪੰਜਾਬੀ ਵਿਭਾਗ ਵੱਲੋਂ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਮੌਕੇ ਤੇ ਕਵਿਤਾ ਉਚਾਰਨ, ਭਾਸ਼ਣ ਮੁਕਾਬਲਾ, ਲੇਖ ਮੁਕਾਬਲਾ ਕਰਵਾਇਆ ਗਿਆ।

- **ਮਨੋਵਿਗਿਆਨ ਵਿਭਾਗ**

ਮਨੋਵਿਗਿਆਨ ਵਿਭਾਗ ਵੱਲੋਂ ਮਾਰਚ 8, 2021 ਨੂੰ ***ਅੰਤਰ ਰਾਸ਼ਟਰੀ ਮਹਿਲਾ ਦਿਵਸ*** ਮੌਕੇ ਤੇ ਕਾਲਜ ਸਟਾਫ਼ ਅਤੇ ਵਿਦਿਆਰਥਣਾਂ ਲਈ 'Healthy Mind' ਵਿਸ਼ੇ ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਤਕਰੀਬਨ 200 ਵਿਅਕਤੀਆਂ ਨੇ ਆਪਣੀ ਮਨੋਵਿਗਿਆਨਕ ਜਾਂਚ ਅਤੇ ਕਾਉਂਸਲਿੰਗ ਕਰਵਾਈ।

ਡਾ. ਅਰੂਸੀ ਅਤੇ ਡਾ. ਲੀਨਾ ਭਾਰਤੀ ਨੇ ਡਾਇਰੈਕਟੋਰੇਟ ਆਫ਼ ਯੂਥ ਸਰਵਿਸਿਜ਼ ਪੰਜਾਬ ਵੱਲੋਂ ਆਯੋਜਿਤ **Voices of YUWAAH** ਰਿਪੋਰਟ ਦੇ ਆਨਲਾਈਨ ਪ੍ਰੋਗਰਾਮ ਵਿੱਚ ਭਾਗ ਲਿਆ।

- **ਹੋਮ ਸਾਇੰਸ ਵਿਭਾਗ**

ਹੋਮ ਸਾਇੰਸ ਵਿਭਾਗ ਵੱਲੋਂ ਹੋਮ ਸਾਇੰਸ ਸੁਸਾਇਟੀ ਅਧੀਨ ਅੰਤਰ ਕਾਲਜ ਬੀ.ਏ. ਹੋਮ ਸਾਇੰਸ ਅਤੇ ਬੀ.ਐਸ.ਸੀ. ਹੋਮ ਸਾਇੰਸ ਵਿਦਿਆਰਥਣਾਂ ਨੇ ਬੈਸਟ ਆਉਟ ਆਫ਼ ਵੇਸਟ, ਵਾਲ ਹੈਂਗਿੰਗ, ਰੰਗੋਲੀ, ਟਾਈ ਐਂਡ ਡਾਈ, ਫੈਬਰਿਕ ਪੇਟਿੰਗ,ਕਲੇ ਮਾਡਲਿੰਗ, ਕਾਫ਼ੀ ਪੇਂਟਿੰਗ, ਮਾਸਕ ਤਿਆਰ ਕਰਨੇ, ਸਟੋਰੀ ਬੁਕਸ ਪੇਂਟਿੰਗ, ਰਾਈਮ ਬੁੱਕ, ਨੁਕੜ ਨਾਟਕ ਆਦਿ ਮੁਕਾਬਲੇ ਕਰਵਾਏ ਗਏ।8 ਮਾਰਚ 2021 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਤੇ Healthy Cooking ਦੀਆਂ ਸਟਾਲਜ਼- ਸੈਂਡਵਿੱਚ, ਭੇਲਪੂਰੀ (ਅੰਕੂਰਿਤ ਦਾਲਾ ਤੋਂ) ਫਰੂਟ ਚਾਟ, ਵੇਸਣ ਚਿੱਲਾ, ਪੁਡਿੰਗ ਲਗਾਈਆਂ ਗਈਆਂ।ਇਸ ਮੌਕੇ ਪਟਿਆਲਾ ਦੇ ਸਿਵਲ ਸਰਜਨ ਡਾ. ਸਤਿੰਦਰ ਸਿੰਘ ਮੁੱਖ ਮਹਿਮਾਨ

ਅਤੇ ਸ੍ਰੀਮਤੀ ਸੰਗੀਤਾ( ਸਮਾਜ ਸੇਵਿਕਾ) ਜੀ ਵਿਸ਼ੇਸ਼ ਮਹਿਮਾਨ ਨੇ ਮਾਨਯੋਗ ਪ੍ਰਿੰਸੀਪਲ ਡਾ. ਚਿੰਰਜੀਵ ਕੌਰ ਜੀ ਨਾਲ ਵੱਖ-ਵੱਖ ਮੁਕਾਬਲੇ ਦੇ ਇਨਾਮ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ।ਮਿਤੀ 15.03.2021 ਤੋਂ 17.03.2021 ਤੱਕ ਤਿੰਨ ਰੋਜ਼ਾ ਵਰਕਸ਼ਾਪ ਦੌਰਾਨ ਮਿਸ ਸੁਨੀਤਾ ਗਲਾਸ ਪੇਂਟਿੰਗ ਸਟੈਕਸਿਲ ਪੇਂਟਿੰਗ, ਫੈਬਰਿਕ ਪੇਂਟਿੰਗ, ਕਲੇ ਮਾਡਲਿੰਗ, ਕਾਫ਼ੀ ਪੇਂਟਿੰਗ ਅਤੇ ਜਿਊਲਰੀ ਬਣਾਉਣ, **Two way colour** ਪੇਂਟਿੰਗ ਦੀ ਸਿਖਲਾਈ ਵਿਦਿਆਰਥਣਾਂ ਨੂੰ ਦਿੱਤੀ।

ਐਮ.ਐਸ.ਸੀ.ਫੂਡ ਐਂਡ ਨਿਊਟ੍ਰੀਸ਼ਨ ਦੇ ਵਿਦਿਆਰਥੀਆਂ ਨੇ ਕੌਮੀ ਪੋਸ਼ਣ ਸਪਤਾਹ ਮਨਾਉਂਦੇ ਹੋਏ ਅਲੱਗ-ਅਲੱਗ ਵਿਸ਼ਿਆ ਤੇ ਪੋਸ਼ਣ ਮੁਕਾਬਲੇ ਅਤੇ ਪ੍ਰੋਟੀਨ ਤੇ ਆਇਰਨ ਭਰਪੂਰ ਕੁਕਿੰਗ ਮੁਕਾਬਲੇ ਵੀ ਕਰਵਾਏ ਗਏ।

- **ਹਿੰਦੀ ਵਿਭਾਗ**

09 ਅਗਸਤ,2020 (UGC- Human Resource Development Centre) (Centre for e-learning and Teaching Excellence) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਯੋਜਿਤ 'Basic Tools and Techniques for online Teaching' ਵਿਸ਼ੇ ਤੇ ਆਨ-ਲਾਈਨ ਵੈਬੀਨਾਰ ਵਿੱਚ ਭਾਗ ਲਿਆ।

29 ਅਗਸਤ, 2020 ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (ਜੀਵਨ ਅਤੇ ਬਾਣੀ) ਵਿਸ਼ੇ ਤੇ ਆਯੋਜਿਤ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।ਪੰਜਾਬ ਸਰਕਾਰ ਵੱਲੋਂ ਸਤੰਬਰ 2020 ਵਿੱਚ ਲਗਾਏ ਗਏ ਰੋਜ਼ਗਾਰ ਮੇਲੇ ਲਈ WWW.PGRKAM.COM ਤੇ ਵਿਦਿਆਰਥਣਾਂ ਨੂੰ ਰਜਿਸਟਰ ਅਤੇ ਅਪਲਾਈ ਕਰਵਾਇਆ।

27 ਜਨਵਰੀ, 2021 Punjab State Legal Services Authority, Mohali ਵੱਲੋਂ ਆਯੋਜਿਤ Nalsa compensation Scheme for women Victim Survivars of Sexual Assautt/other crime 2018 & Punjab victim compensation Scheme 2017 ਵਿਸ਼ੇ ਤੇ ਹੋਏ ਵੈਬੀਨਾਰ ਵਿੱਚ ਭਾਗ ਲਿਆ।ਮਿਤੀ 26.08.2020 ਅਤੇ ਮਿਤੀ 27.08.2020 ਨੂੰ ਬੀ.ਏ. ਭਾਗ ਦੂਜਾ ਦੀਆਂ ਵਿਦਿਆਰਥਣਾਂ ਅਦਿਤੀ ਕੁਮਾਰੀ, ਨਵਨੀਤ ਸਾਹਿਬਾ, ਨੇਹਾ ਨੇ Khalsa College , Garhdiwala ਵੱਲੋਂ ਆਯੋਜਿਤ Life and Teachings of Sri Guru Teg Bahadur ਵਿਸ਼ੇ ਤੇ ਆਨਲਾਈਨ ਕੁਇਜ਼ ਵਿੱਚ ਭਾਗ ਲਿਆ। 14 ਸਤੰਬਰ 2020 ਨੂੰ ਕਾਲਜ ਦੇ ਹਿੰਦੀ ਵਿਭਾਗ ਵੱਲੋਂ ਆਨ-ਲਾਈਨ ਹਿੰਦੀ ਦਿਵਸ ਮਨਾਇਆ ਗਿਆ।ਇਸ ਵਿੱਚ ਹਿੰਦੀ ਦੀ ਵਿਦਿਆਰਥਣਾਂ ਨੇ ਕਵਿਤਾ,ਸ੍ਰੋਸ਼ਲ ਅਤੇ ਭਾਸ਼ਣ ਰਾਹੀਂ ਹਿੰਦੀ ਭਾਸ਼ਾ ਦੇ ਮਹੱਤਵ ਬਾਰੇ ਵਿਚਾਰ ਪ੍ਰਗਟ ਕੀਤੇ।14 ਸਤੰਬਰ 2020 ਨੂੰ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਅਦਿਤੀ ਕੁਮਾਰੀ ਨੇ ਖਾਲਸਾ ਕਾਲਜ, ਪਟਿਆਲਾ ਵੱਲੋਂ ਆਯੋਜਿਤ ਆਨ ਲਾਈਨ ਹਿੰਦੀ ਨਿਬੰਧ ਲੇਖਣ ਪ੍ਰਤੀਯੋਗਿਤਾ ਵਿੱਚ ਭਾਗ ਲਿਆ।

20 ਅਕਤੂਬਰ 2020 ਨੂੰ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਅਦਿਤੀ ਕੁਮਾਰੀ ਨੇ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵੱਲੋਂ World Students Day and pay Homage to Dr. APJ Abdul Kalam ਵਿਸ਼ੇ ਤ ਆਯੋਜਿਤ ਕੁਇਜ਼ ਵਿੱਚ ਭਾਗ ਲਿਆ ਅਤੇ ਕੁਆਲਿਫਾਈ ਕੀਤਾ।14 ਦਸੰਬਰ 2020 ਨੂੰ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਰੁਪਿਕਾ ਨੇ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵੱਲੋਂ The World Energy Day ਤੇ ਮੌਕੇ ਤੇ ਆਯੋਜਿਤ Eurcesian Slogan writing Competition ਵਿੱਚ ਭਾਗ ਲਿਆ। 25 ਦਸੰਬਰ 2020 ਨੂੰ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਅਦਿਤੀ ਕੁਮਾਰੀ ਨੇ ਸੰਸਕ੍ਰਿਤ ਭਾਰਤੀ ਦੁਆਰਾ ਆਯੋਜਿਤ ਗੀਤਾ ਜਯੰਤੀ ਮਹੋਤਸਵ ਦੇ ਮੌਕੇ ਤੇ ਗੀਤਾ ਸ਼ਲੋਕ ਓਚਾਰਣ ਪ੍ਰਤੀਯੋਗਿਤਾ ਵਿੱਚ ਭਾਗ ਲਿਆ।

25 ਫਰਵਰੀ, 2021 ਨੂੰ ਬੀ.ਏ.ਭਾਗ ਦੂਜਾ ਦੀ ਵਿਦਿਆਰਥਣਾਂ ਸੀਤਾ ਸ਼ਰਮਾ ਅਤੇ ਅਦਿਤੀ ਕੁਮਾਰੀ ਨੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਆਯੋਜਿਤ District Level RRC Competition ਵਿੱਚ ਭਾਗ ਲਿਆ।

12 ਮਾਰਚ, 2021 ਨੂੰ ਬੀ.ਏ.ਭਾਗ ਦੂਜਾ ਦੀ ਵਿਦਿਆਰਥਣਾਂ ਨਵਨੀਤ ਅਤੇ ਜਯੋਤੀ ਨੇ ਅਜ਼ਾਦੀ ਦਾ ਅੰਮ੍ਰਿਤ ਮਹੁਤਸਵ ਵਿਸ਼ੇ ਤੇ CUP Punjab International Quiz ਵਿੱਚ ਭਾਗ ਲਿਆ।

- **ਡਾਂਸ ਵਿਭਾਗ**

15 ਅਗਸਤ,2020 ਅਜ਼ਾਦੀ ਦਿਵਸ ਤੇ ਡਾ. ਸੀਮਾ ਸ਼ਰਮਾ ਨੇ ਰਾਸ਼ਟਰੀ ਗਾਨ ਵਿੱਚ ਭਾਗ ਲਿਆ।ਵਿਭਾਗ ਦੇ ਦੋ ਅਧਿਆਪਕ ਡਾ. ਜੀਵਨ ਬਾਲਾ ਅਤੇ ਡਾ. ਕੁਲਵਿੰਦਰ ਕੌਰ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਬਣੇ।ਡਾ. ਕੁਲਵਿੰਦਰ ਕੌਰ ਨੇ ਨ੍ਰਿਤ ਸਿੱਖਿਆ ਭਾਗ ਪਹਿਲਾ ਲਈ ਟੈਕਸਟ ਬੁੱਕ ਪਬਲਿਸ਼ ਕਰਵਾਈ। ਵਿਭਾਗ ਦੀ ਵਿਦਿਆਰਥਣ ਮਨਪ੍ਰੀਤ ਕੌਰ ਐਮ.ਏ. ਭਾਗ ਦੂਜਾ ਡਾਂਸ ਨੇ ਆਪਣੀ ਪੁਸਤਕ ਪਬਲਿਸ਼ ਕੀਤੀ, ਜਿਸ ਵਿੱਚ ਕਵਿਤਾਵਾਂ ਹਨ ਜਿਸਦਾ ਸਿਰਲੇਖ ਹੈ **ਕੁੜੀ ਪਿੱਛੇ ਸਾਰਾ ਨਗਰ** ਡਾ. ਕੁਲਵਿੰਦਰ ਕੌਰ ਦੇ ਅਧੀਨ ਅਮਰਜੀਤ ਕੌਰ ਭੱਟ ਨੇ ਪੀ.ਐਚ.ਡੀ. ਸੰਪੂਰਨ ਕੀਤੀ ਅਤੇ ਦੋ ਵਿਦਿਆਰਥਣਾਂ ਹੋਰ ਰਜਿਸਟਰ ਹੋਈਆਂ। ਡਾ. ਜੀਵਨ ਬਾਲਾ, ਡਾ. ਪੁਸ਼ਪਿੰਦਰ ਅਤੇ ਡਾ. ਕੁਲਵਿੰਦਰ ਕੌਰ ਦੇ ਅਧੀਨ ਪੀ.ਐਚ.ਡੀ. ਕਰ ਰਹੀਆਂ ਵਿਦਿਆਰਥਣਾਂ ਨੇ ਸੈਮੀਨਾਰ ਪੇਪਰ ਪੇਸ਼ ਕੀਤੇ।ਗਣਤੰਤਰ ਦਿਵਸ ਮੌਕੇ ਵਿਭਾਗ ਦੇ ਅਧਿਆਪਕ

ਡਾ. ਕੁਲਵਿੰਦਰ ਕੌਰ ਅਤੇ ਡਾ. ਸੀਮਾ ਸ਼ਰਮਾ ਨੇ ਰਾਸ਼ਟਰੀ ਗੀਤ ਵਿੱਚ ਭਾਗ ਲਿਆ।ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਵਿਭਾਗ ਦੀਆਂ ਵਿਦਿਆਰਥਣਾਂ ਨੇ ਨ੍ਰਿਤ ਆਈਟਮ ਪੇਸ਼ ਕੀਤੀ।

- **ਅਰਥਸ਼ਾਸ਼ਤਰ ਵਿਭਾਗ**

11 ਜੁਲਾਈ 2020 ਨੂੰ World Population Day ਤੇ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵੱਲੋਂ ਕਰਵਾਏ ਗਏ International e-quiz ਨੂੰ ਵਿਭਾਗ ਦੇ 6 ਵਿਦਿਆਰਥੀਆਂ ਨੇ ਕੁਆਲੀਫਾਈ ਕੀਤਾ। 07 ਅਗਸਤ 2020 ਨੂੰ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵੱਲੋਂ ਕਰਵਾਏ ਗਏ 'International Webinar on Global Reflections on contemporary cities and Future of Urban Life' ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਭਾਗ ਲਿਆ।

- **ਸੰਗੀਤ ਵਾਦਨ ਵਿਭਾਗ**

21 ਜੂਨ 2020 ਨੂੰ ਵਿਸ਼ਵ ਸੰਗੀਤ ਦਿਵਸ ਦੇ ਮੌਕੇ ਤੇ ਵਿਭਾਗ ਦੀਆਂ ਵਿਦਿਆਰਥਣਾਂ ਤੋਂ ਸੰਗੀਤ ਦੀਆਂ ਕੁਟੇਸ਼ਨਾਂ ਤੇ ਵਿਭਾਗ ਦੀਆਂ ਵਿਦਿਆਰਥਣਾਂ ਤੋਂ ਸੰਗੀਤ ਦੀਆਂ ਕੁਟੇਸ਼ਨਾਂ ਤੇ ਪੋਸਟਰ ਮੇਕਿੰਗ ਮੁਤਕਾਬਲਾ ਕਰਵਾਇਆ ਗਿਆ। ਸਮੇਂ-ਸਮੇਂ ਸਿਰ ਹੋਣ ਵਾਲੇ ਵੈਬੀਨਾਰਾਂ ਵਿੱਚ ਵਿਭਾਗ ਦੇ ਅਧਿਆਪਕ ਅਤੇ ਵਿਦਿਆਰਥਣਾਂ ਨੇ ਭਾਗ ਲਿਆ।

- **ਸੰਗੀਤ ਗਾਇਨ ਵਿਭਾਗ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਰਾਸ਼ਟਰੀ ਵੈਬੀਨਾਰ ਕਰਵਾਇਆ ਗਿਆ।ਜਿਸਦਾ ਵਿਸ਼ਾ ਸੀ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (ਜੀਵਨ ਅਤੇ ਬਾਣੀ) ਮਿਤੀ 29.08.2020, ਸਮਾਂ ਦੁਪਹਿਰ 3:00 ਵਜੇ। ਮਾਧਿਅਮ: ਗੁਗਲ ਮੀਟ ਉਦਘਾਟਨੀ ਭਾਸ਼ਣ: ਡਾ. ਚਿੰਰਜੀਵ ਕੌਰ ਕੁੰਜੀਵਤ ਭਾਸ਼ਣ: ਪ੍ਰੋ. ਕਵਲਜੀਤ ਕੌਰ ਪ੍ਰਧਾਨਗੀ ਭਾਸ਼ਣ: ਪ੍ਰੋ.ਜਸਬੀਰ ਕੌਰ ਕੋਆਰਡੀਨੇਟਰ: ਪ੍ਰੋ. ਚਰਨਜੀਤ ਕੌਰ। ਸੰਗੀਤ ਗਾਇਨ ਵਿਭਾਗ ਵੱਲੋਂ ਆਨ-ਲਾਈਨ ਸ਼ਬਦ ਗਾਇਨ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ।29.07.2020 ਤੋਂ 05.08.2020 ਤੱਕ ਵੀਡੀਓ ਭੇਜਣ ਦੀ ਮਿਤੀ ਤੈਅ ਕੀਤੀ ਗਈ।ਜਿਸ ਵਿੱਚ ਕੁੱਲ 08 ਐਂਟਰੀਆਂ ਆਈਆਂ ਅਤੇ ਮਿਤੀ 10.08.2020 ਨੂੰ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਨਾਮ | ਕਲਾਸ | ਕਾਲਜ |
|---|---|---|---|
| 1. | ਗਰਿਮਾ | ਬੀ.ਏ. ਭਾਗ ਤੀਜਾ | ਸਰਕਾਰੀ ਕਾਲਜ ਲੜਕੀਆਂ, ਪਟਿਆਲਾ। |
| 2. | ਰੁਪਿੰਦਰ ਕੌਰ | ਬੀ.ਏ. ਭਾਗ ਦੂਜਾ | ਸਰੂਪ ਰਾਣੀ ਸਰਕਾਰੀ ਕਾਲਜ ਲੜਕੀਆਂ,ਅੰਮ੍ਰਿਤਸਰ। |
| 3. | ਅਲਕਾ | ਐਮ.ਏ. ਭਾਗ-2 ਸੰਗੀਤ ਗਾਇਨ | ਸਰਕਾਰੀ ਕਾਲਜ ਲੜਕੀਆਂ, ਪਟਿਆਲਾ |
| 4. | ਅਮਨਦੀਪ ਕੌਰ | ਬੀ.ਏ. ਭਾਗ ਪਹਿਲਾ | ਸਰੂਪ ਰਾਣੀ ਸਰਕਾਰੀ ਕਾਲਜ ਲੜਕੀਆਂ,ਅੰਮ੍ਰਿਤਸਰ। |
| 5. | ਹਰਸਿਮਰਨਜੀਤ ਕੌਰ | ਬੀ.ਏ. ਭਾਗ ਪਹਿਲਾ | ਸਰਕਾਰੀ ਕਾਲਜ ਲੜਕੀਆਂ, ਪਟਿਆਲਾ |

ਮਿਤੀ 02.10.2020 ਨੂੰ ਗਾਂਧੀ ਜਯੰਤੀ ਤੇ ਮੌਕੇ ਤੇ ਕਾਲਜ ਵਿਖੇ ਆਨ-ਲਾਈਨ ਮੋਡ ਰਾਹੀਂ ਇਸ ਅਵਸਰ ਨੂੰ ਮਨਾਇਆ ਗਿਆ, ਜਿਸ ਵਿੱਚ ਸੰਗੀਤ ਵਿਭਾਗ ਵੱਲੋਂ ਵੱਖ-ਵੱਖ ਗੀਤ ਪੇਸ਼ ਕੀਤੇ ਗਏ।ਭਾਗ ਲੈਣ ਵਾਲੀਆਂ ਵਿਦਿਆਰਥਣਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ-

1. ਅਲਕਾ (ਐਮ.ਏ. ਭਾਗ ਦੂਜਾ ਸੰਗੀਤ ਗਾਇਨ)
2. ਗਰੀਮਾ (ਬੀ.ਏ. ਭਾਗ ਤੀਜਾ)
3. ਨਰਦੀਪ ਕੌਰ (ਬੀ.ਏ. ਭਾਗ ਤੀਜਾ)
4. ਕੋਮਲਪ੍ਰੀਤ ਕੌਰ (ਬੀ.ਏ. ਭਾਗ ਪਹਿਲਾ)
5. ਹਰਸਿਮਰਨਜੀਤ ਕੌਰ (ਬੀ.ਏ. ਭਾਗ ਦੂਜਾ)
6. ਜੈਸਮੀਨ ਕੌਰ (ਬੀ.ਏ. ਭਾਗ ਪਹਿਲਾ)
7. ਸ਼ੀਵਾਨੀ ਚਰਨ (ਬੀ.ਏ. ਭਾਗ ਤੀਜਾ)

ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਮਿਊਜ਼ਿਕ ਕਲੱਬ ਵੱਲੋਂ ਸ੍ਰੀ ਗੁਰੂ ਤੇਗ ਬਦਾਦਰ ਜੀ : ਜੀਵਨ ਅਤੇ ਸਿਖਿਆਵਾਂ ਨਾਮਕ ਆਨਲਾਈਨ ਅੰਤਰ ਕਾਲਜ ਵਾਰ/ਕਵੀਸ਼ਰੀ ਮੁਕਾਬਲਾ, ਮਿਤੀ 14.11.2020 ਨੂੰ ਕਰਵਾਇਆ ਗਿਆ।ਜਿਸ ਵਿੱਚ ਕਾਲਜ ਦੀ ਦੋ ਵਿਦਿਆਰਥਣਾਂ ਨੇ ਭਾਗ ਲਿਆ ਅਤੇ ਕਵੀਸ਼ਰੀ ਗਾਇਨ ਕੀਤਾ। ਵਿਦਿਆਰਥਣਾਂ ਦੇ ਨਾਂ ਹਨ:

1. ਰਵਨੀਤ ਕੌਰ (ਐਮ.ਏ. ਭਾਗ ਪਹਿਲਾ ਸੰਗੀਤ ਗਾਇਨ)

2. ਸਿਮਰਨਜੀਤ ਕੌਰ (ਬੀ.ਏ. ਭਾਗ ਦੂਜਾ)

ਮਿਤੀ 09.01.2021 ਨੂੰ ਕਾਲਜ ਦੇ ਸੰਗੀਤ ਗਾਇਨ ਵਿਭਾਗ ਦੀਆਂ ਐਮ.ਏ. ਦੀਆਂ ਵਿਦਿਆਰਥਣਾਂ ਦੁਆਰਾ ਵਿਭਾਗੀ ਪੱਧਰ ਤੇ ਸ਼ਬਦ ਗਾਇਨ ਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੂਰਬ ਦੇ ਅਵਸਰ ਤੇ ਸ਼ਰਧਾ ਪ੍ਰਗਟ ਕੀਤੀ। ਇਨ੍ਹਾਂ ਵਿਦਿਆਰਥਣਾਂ ਦੇ ਨਾਂ ਹਨ-

1. ਪ੍ਰੀਤੀ ਛਾਬੜਾ (ਐਮ.ਏ. ਭਾਗ ਦੂਜਾ)
2. ਮੰਜੂ ਕੁਮਾਰੀ (ਐਮ.ਏ. ਭਾਗ ਦੂਜਾ)
3. ਕਾਮਿਨੀ (ਐਮ.ਏ. ਭਾਗ ਦੂਜਾ)
4. ਜਸਕਿਰਨ ਕੌਰ (ਐਮ.ਏ. ਭਾਗ ਦੂਜਾ)

ਮਿਤੀ 08.03.2021 ਨੂੰ ਮਹਿਲਾ ਦਿਵਸ ਦੇ ਮੌਕੇ ਸੰਗੀਤ ਗਾਇਨ ਵਿਭਾਗ ਵੱਲੋਂ ਸੁਰਿੰਦਰ ਕੌਰ ਜੀ ਨੂੰ ਸ਼ਰਧਾਜਲੀ ਪ੍ਰਗਟ ਕਰਦਿਆਂ ਉਨ੍ਹਾਂ ਦੇ ਵੱਖ-ਵੱਖਗੀਤਾਂ ਦਾ ਗਾਇਨ ਕੀਤਾ ਗਿਆ।ਭਾਗ ਲੈਣ ਵਾਲੀ ਵਿਦਿਆਰਥਣਾਂ ਦੇ ਨਾਮ ਹਨ:

1. ਜਸਕਿਰਨ ਕੌਰ (ਐਮ.ਏ. ਭਾਗ ਦੂਜਾ)
2. ਮੰਜੂ (ਐਮ.ਏ. ਭਾਗ ਦੂਜਾ)
3. ਰਵਨੀਤ ਕੌਰ(ਐਮ.ਏ. ਭਾਗ ਪਹਿਲਾ)
4. ਕਾਜਲ ਮਲਾਨਾ(ਐਮ.ਏ. ਭਾਗ ਪਹਿਲਾ)
5. ਰੀਨਾ ਕੌਰ(ਐਮ.ਏ. ਭਾਗ ਪਹਿਲਾ)
6. ਹਰਸਿਮਰਨਜੀਤ ਕੌਰ (ਬੀ.ਏ. ਭਾਗ ਦੂਜਾ)

## ਨਿੱਜੀ ਪ੍ਰਾਪਤੀਆਂ

- **ਪ੍ਰੋ. ਗੁਰਵੀਨ ਕੌਰ**

ਮੈਂਬਰ, ਫੈਕਲਟੀ ਆਫ਼ ਆਰਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

- **ਡਾ. ਪ੍ਰੀਤਇੰਦਰ ਕੌਰ**

ਆਪ ਦੇ ਅਧੀਨ ਇੱਕ ਵਿਦਿਆਰਥਣ ਦੀ ਪੀ.ਐਚ.ਡੀ. ਦੀ ਐਨਰੋਲਮੈਂਟ ਸਿੰਘਾਨੀਆ ਯੂਨੀਵਰਸਿਟੀ ਪਾਚੇਰੀ ਬਾਰੀ (ਰਾਜਾਸਥਾਨ) ਤੋਂ ਹੋਈ।ਆਪ ਖਾਲਸਾ ਕਾਲਜ , ਪਟਿਆਲਾ (ਆਟੋਨਾਮਸ ਕਾਲਜ) ਦੇ ਅੰਡਰ ਗਰੈਜੂਏਟ ਦੇ ਬੋਰਡ ਆਫ ਸਟੱਡੀਜ਼ ਦੇ ਮੈਂਬਰ ਹੋ।ਸਮੇਂ-ਸਮੇਂ ਸਿਰ ਹੋਣ ਵਾਲੇ ਸੰਗੀਤ ਵੈਬੀਨਾਰਾਂ ਵਿੱਚ ਡੈਲੀਗੇਟ ਵਜੋਂ ਸ਼ਮੂਲੀਅਤ ਕੀਤੀ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ।

- **ਡਾ. ਬਲਵਿੰਦਰ ਕੌਰ**

ਮਿਤੀ 17 ਜੁਲਾਈ 2020, 19 ਜੁਲਾਈ 2020, 25 ਜੁਲਾਈ 2020, 05 ਅਗਸਤ 2020, 09 ਅਗਸਤ 2020, 13 ਅਗਸਤ 2020, 26 ਅਤੇ 27 ਅਗਸਤ 2020 , 15 ਅਗਸਤ 2020 ਨੂੰ ਵੱਖ-ਵੱਖ ਨੈਸ਼ਨਲ ਅਤੇ ਅੰਤਰ -ਰਾਸ਼ਟਰੀ ਵੈਬੀਨਾਰ ਅਟੈਂਡ ਕੀਤੇ।ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ ਦੀਆਂ ਵਿਦਿਆਰਥੀਣਾਂ ਦੀ ਇੰਟਰਨਸ਼ਿਪ ਲਗਵਾਈ।

- **ਡਾ. ਪਰਮਜੀਤ ਕੌਰ**

ਡਾ. ਪਰਮਜੀਤ ਕੌਰ ਵੱਲੋਂ Basics of Covid-19 by IGOT ਦੀ ਟ੍ਰੇਨਿੰਗ ਲਈ ਗਈ। *ਮਿਸ਼ਨ ਫਤਿਹ* ਤਹਿਤ Covid-19 pandemic and Mental Health ਵਿਸ਼ੇ ਤੇ ਕਾਲਜ ਵੱਲੋਂ ਸਟਾਫ਼ ਲਈ ਆਯੋਜਿਤ ਵੈਬੀਨਾਰ ਲਈ ਕਾਲਜ ਵੱਲੋਂ ਲੈਕਚਰ ਦਿੱਤਾ ਗਿਆ। MGSIPA online Training Programme on Incident Response System Basic Intermediate for Northern States (19-21 August, 2020) ਵਿੱਚ ਭਾਗ ਲਿਆ।ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬੋਰਡ ਆਫ਼ ਸਟੱਡੀਜ਼ ਫਾਰ ਅੰਡਰਗ੍ਰੈਜੁਏਟ ਕਲਾਸਾਂ ਦੀ ਮੈਂਬਰ ਦੇ ਤੌਰ ਤੇ ਨਾਮਜ਼ਦ ਹੋਈ।

- **ਪ੍ਰੋ. ਹਰਪ੍ਰੀਤ ਕੌਰ**

24 ਮਈ, 2020 ਕੈਲੇਫੋਰਨੀਆ, ਯੂ.ਐਸ.ਬੇਸਡ ਪੋਇਟਰੀ ਮੈਗਜ਼ੀਨ ਰੈਟਲੋ ਵਿੱਚ ਇੱਕ ਅੰਗ੍ਰੇਜ਼ੀ ਕਵਿਤਾ ਸਬਮਿਟ ਕੀਤੀ। ਇਹ ਕਵਿਤਾ ਪੈਂਡਮਿਕ ਸਬੰਧੀ ਸੀ। **ਰੈਟਲੋ ਐਡਿਟਰਜ਼** ਵੱਲੋਂ ਇਸ ਕਵਿਤਾ ਨੂੰ ਉਨ੍ਹਾਂ ਦੇ ਓਪਨ ਮਾਈਕ ਲਾਈਵ ਪ੍ਰੋਗਰਾਮ ਵਿੱਚ ਪੜ੍ਹਨ ਲਈ ਸੱਦਾ ਪ੍ਰਾਪਤ ਕੀਤਾ ਤੇ 24.05.2020 ਨੂੰ ਇਹ ਕਵਿਤਾ ਲਾਈਵ ਸ਼ੋਅ ਵਿੱਚ ਪੜ੍ਹੀ।

26 ਮਈ, 2020 ਦੀਕਸ਼ਾ ਐਪ ਰਾਹੀਂ,ਕੋਵਿਡ-19 ਸਬੰਧੀ ਓਨਲਾਈਨ ਟ੍ਰੇਨਿੰਗ ਪ੍ਰਾਪਤ ਕੀਤੀ।

21 ਜੂਨ, 2020 ਬਲੈਕ ਲਾਈਵਜ਼ ਮੈਟਰੋ ਦੇ ਸਬੰਧ ਵਿੱਚ ਇੱਕ ਹੋਰ ਕਵਿਤਾ ਲਿਖੀ ਤੇ ਇਸਨੂੰ ਪੜ੍ਹਨ ਲਈ ਈ.ਮੇਲ ਪ੍ਰਾਪਤ ਕੀਤੀ।ਇਹ ਕਵਿਤਾ ਰੈਟਲੋ ਲਾਈਵ ਸ਼ੋਅ ਵਿੱਚ ਮਿਤੀ 21.06.2020 ਨੂੰ ਪੜ੍ਹੀ।

ਜੂਨ, 2020 ਡਿਫਿਕਲਟ ਟਾਈਮਜ਼ - ਵਰਲਡ ਲਿਟਰੇਚਰ ਪਬਲਿਕੇਸ਼ਨਜ਼ ਵੱਲੋਂ ਛਪੀ, ਮੈਂਡਮਿਕ ਪੋਇਟਰੀ ਐਨਥੋਲਜ਼ੀ ਵਿੱਚ, ਇੱਕ ਅੰਗ੍ਰੇਜ਼ੀ ਕਵਿਤਾ ਛਪੀ ।ਇਹ ਐਨਥੋਲਜ਼ੀ, ਲਗਭਗ ਜੂਨ, 2020 ਵਿੱਚ ਰਿਲੀਜ਼ ਹੋਈ।2, ਜੂਨ, 2020 Effective Transitioning from Traditional class to Virtual Class Teaching, ਆਨਲਾਈਨ ਵੈਬੀਨਾਰ, ਜਿਹੜਾ ਕਿ PCMA ਵੱਲੋਂ ਕਰਵਾਇਆ ਗਿਆ, ਵਿੱਚ 02.06.2020 ਨੂੰ ਸ਼ਾਮਿਲ ਹੋਈ।10 ਜੂਨ,2020 ਓਨਲਾਈਨ ਕਰਿਏਟਿਵ ਰਾਈਟਿੰਗ ਕੰਪੀਟੀਸ਼ਨ ਵਿੱਚ ਫੰਕਸ਼ਨਲ ਅੰਗ੍ਰੇਜ਼ੀ ਭਾਗ-ਦੂਜਾ ਦੀਆਂ 04 ਵਿਦਿਆਰਥਣਾਂ ਨੂੰ ਪਾਰਟਿਸੀਪੇਟ ਕਰਵਾਇਆ ਤੇ ਇਸ ਸਬੰਧੀ ਕਾਰਵਾਈ ਕੀਤੀ।ਇਹ ਕੰਪੀਟਿਸ਼ਨ ਨੈਸ਼ਨਲ ਲੈਵਲ ਤੇ ਮਾਤਾ ਸਾਹਿਬ ਖਾਲਸਾ, ਬੀ.ਐਡ ਕਾਲਜ ਵੱਲੋਂ ਕਰਵਾਇਆ ਗਿਆ।ਇਹ ਵਿਦਿਆਥਣ ਨੇ ਅੰਗ੍ਰੇਜ਼ੀ ਕਹਾਣੀ ਵਿੱਚ ਤੀਜਾ ਸਥਾਨ ਵੀ ਪ੍ਰਾਪਤ ਕੀਤਾ।ਕਾਲਜ ਵੱਲੋਂ ਮਿਸ਼ਨ ਫਤਿਹੇ ਅਧੀਨ ਕਰਵਾਏ ਗਏ, ਦੋਹੇਂ ਸੈਮੀਨਾਰਾਂ ਵਿੱਚ ਸ਼ਾਮਿਲ ਹੋਈ।ਦਸੰਬਰ, 2020 ਵਿੱਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਗ੍ਰੇਜ਼ੀ ਵਿਭਾਗ ਵਿੱਚ ਪੀ.ਐਚ.ਡੀ. ਲਈ ਰਜਿਸਟ੍ਰੇਸ਼ਨ ਪ੍ਰਾਪਤ ਕੀਤੀ।

- **ਪ੍ਰੋ. ਅਰੁਨਦੀਪ**

WHO ਵੱਲੋਂ ਕੋਵਿਡ ਮਹਾਂਮਾਰੀ ਦੌਰਾਨ CERTIFICATE OF COMMITMENT ਹਾਸਲ ਕੀਤਾ।ਵਿਧਾਇਕ ਮਿਸ਼ਨ ਰਿਸਰਚ ਫਾਊਂਡੇਸ਼ਨ ਵੱਲੋਂ ਕੋਵਿਡ ਮਹਾਂਮਾਰੀ ਨਾਲ ਸਬੰਧਿਤ ਕੁਇਜ਼ ਵਿੱਚ ਭਾਗ ਲਿਆ।ਅਪ੍ਰੈਲ 2020 ਵਿੱਚ ਬੇਸਿਕ ਆਫ਼ ਕੋਵਿਡ-19 ਟ੍ਰੇਨਿੰਗ (ਆਨਲਾਈਨ) ਹਾਸਿਲ ਕੀਤੀ।ਐਨ.ਐਸ.ਐਸ. ਅਧੀਨ ਘਰ-ਘਰ ਜਾ ਕੇ ਲੋਕਾਂ ਨੂੰ ਕੋਵਿਡ ਮਹਾਂਮਾਰੀ ਤੋਂ ਬਚਣ ਲਈ ਜਾਗਰੂਕ ਕੀਤਾ ਤੇ ਮਾਸਕ ਵੰਡੇ।25 ਫਰਵਰੀ, 2021 ਨੂੰ ਪੰਜਾਬ ਸਟੇਟ ਏਡਜ਼ ਕੰਟ੍ਰੋਲ ਸੁਸਾਇਟੀ ਵੱਲੋਂ ਸਰਕਾਰੀ ਮਹਿੰਦਰਾ ਕਾਲਜ ਵਿਖੇ ਆਯੋਜਿਤ ਰੈੱਡ ਬਿਰਨ ਕਲੱਬ ਦੇ ਜਿਲਾ ਪਧੱਰੀ ਮੁਕਾਬਲਿਆਂ ਵਿੱਚ ਬਤੌਰ ਨੋਡਲ ਅਫ਼ਸਰ ਸ਼ਿਰਕਤ ਕੀਤੀ ਤੇ ਸਰਟੀਫਿਕੇਟ ਹਾਸਲ ਕੀਤਾ।

- **ਮੀਤਿਕਾ ਗੋਇਲ**

11 ਜੁਲਾਈ, 2020:- ਨੂੰ ' World Population Day' ਤੇ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵੱਲੋਂ ਕਰਵਾਏ International E-Quiz' ਨੂੰ ਕੁਆਲੀਫਾਈ ਕੀਤਾ।7 ਅਗਸਤ, 2020 ਨੂੰ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵੱਲੋਂ ਕਰਵਾਏ ਗਏ International Webinar on 'Global Reflections on contemporary cities and future of urban Life' ਵਿੱਚ ਭਾਗ ਲਿਆ।9 ਅਗਸਤ, 2020 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ centre for E learning and teaching Excellence ਦੁਆਰਾ ਕਰਵਾਏ ਗਏ one day online capacity Building Program on Basic Tools and Techniques for online Teaching ਵਿੱਚ ਭਾਗ ਲਿਆ।23 ਅਗਸਤ, 2020:- ਨੂੰ ਡੀ.ਏ.ਵੀ. ਕਾਲਜ, ਅੰਬਾਲਾ ਦੁਆਰਾ ਕਰਵਾਏ ਗਏ International E-Quiz' on environment and sustainable Development ਨੂੰ ਕੁਆਲੀਫਾਈ ਕੀਤਾ।

- **ਡਾ. ਪ੍ਰਵੀਨ ਬਾਲਾ**

**ਕਿਤਾਬਾਂ ਵਿੱਚ ਖੋਜ ਪੱਤਰ**

ਕਿਤਾਬ ਸਾਹਿਤਯ ਕੇ ਪਰਿਪੇਕਸ਼ਯ ਮੇ ਕਿੰਨਰ ਵਿਮਰਸ਼ੋ ਸੰਪਾਦਕ ਡਾ. ਸਾਨੀਆ ਗੁਪਤਾ, ਗੀਨਾ ਪ੍ਰਕਾਸ਼ਨ, ਭਿਵਾਨੀ (ਹਰਿਆਣਾ), 2020 ਪੇਜ-96-104(ISBN No.978-81-936150-7-2) ਵਿੱਚ ਖੋਜ ਪੱਤਰ ਕਿੰਨਰ ਸਸਕ੍ਰਿਤਕ ਸੰਦਰਭ ਮੇਂ ਕਿਤਾਬ ਭਾਰਤੀਯ ਸੰਸਕ੍ਰਿਤੀ ਮੇ ਲੋਕ ਜੀਵਨੇ (ਸੰਪਾਦਕ ਜਯੋਤੀ ਕਸ਼ਵਾਗ, ਸਾਹਿਤਯ ਸੰਚਯ ਪ੍ਰਕਾਸ਼ਨ, ਦਿੱਲੀ-2020) ਪੇਜ ਨੂੰ:129-139, (ISBN No.978-93-89809-34-3) ਵਿੱਚ ਖੋਜ ਪੱਤਰ ਭਾਰਤੀਯ ਸੰਸਕ੍ਰਿਤੀ ਔਰ ਲੋਕ ਪਰਣੇ।

**ਅੰਤਰਰਾਸ਼ਟਰੀ ਸੈਮੀਨਾਰ ਵਿੱਚ ਪੱਤਰ ਪ੍ਰਸਤੂਤੀ**

ਅੰਤਰਰਾਸ਼ਟਰੀ ਸੈਮੀਨਾਰ ਵਿੱਚ ਪੱਤਰ ਪ੍ਰਸਤੂਤੀ, ਵਿਸ਼ਾ- ਭਾਰਤੀਯ ਸੰਸਕ੍ਰਿਤੀ ਔਰ ਲੋਕ ਪਰਣੇ ਦੁਆਰਾ ਸਰਕਾਰੀ ਕਾਲਜ, ਗੁਰਦਾਸਪੁਰ (14 ਮਾਰਚ,2020)

***ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਿਰਕਤ***

ਇੱਕ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਿਰਕਤ ਵਿਸ਼ਾ **ਯੋਗਾ ਐਂਡ ਆਯੁਰਵੇਦ ਇਨਵਾਈਸੇਜ ਹੈਲਦੀ ਸੋਸਾਇਟੀ** ਦੁਆਰਾ ਸਾਹੂ ਰਾਮ ਸਵਰੂਪ ਮਹਿਲਾ ਕਾਲਜ (25 ਅਗਸਤ, 2020)

**ਅੰਤਰਰਾਸ਼ਟਰੀ ਵਰਕਸ਼ਾਪ ਵਿੱਚ ਸ਼ਿਰਕਤ**

ਦੋ ਰੋਜ਼ਾ ਅੰਤਰਰਾਸ਼ਟਰੀ ਆਨ-ਲਾਈਨ ਵਰਕਸ਼ਾਪ ਵਿੱਚ ਸ਼ਿਰਕਤ ਦੁਆਰਾ ਸ੍ਰੀ ਕ੍ਰਿਸ਼ਨਾ ਕਾਲਜ, ਵੈਸਟ ਬੰਗਾਲ (28-29 ਅਗਸਤ, 2020)

ਵਿਸ਼ਾ ਇਨਗੇਜ਼ਿੰਗ ਇਨ ਆਨਲਾਈਨ ਇਨਵਾਇਰਮੈਂਟ : ਗਲੋਬਲ ਪ੍ਰਾਸਪੈਕਟਿਵਜ਼

**ਅੰਤਰਰਾਸ਼ਟਰੀ ਤੇ ਰਾਸ਼ਟਰੀ ਵੈਬੀਨਾਰ**

8 ਅੰਤਰਰਾਸ਼ਟਰੀ ਵੈਬੀਨਾਰ

10 ਰਾਸ਼ਟਰੀ ਵੈਬੀਨਾਰ ਵਿੱਚ ਸ਼ਿਰਕਤ

**ਰਾਸ਼ਟਰੀ ਵਰਕਸ਼ਾਪ (ਆਨਲਾਈਨ)**

ਮਿਤੀ 3 ਮਾਰਚ, 2021 ਨੂੰ ਸ੍ਰੀ ਮੁਕਤਾਨੰਦ ਕਾਲਜ, ਗੰਗਾਪੁਰ, ਮਹਾਰਾਸ਼ਟਰ ਦੇ ਹਿੰਦੀ ਵਿਭਾਗ ਵੱਲੋਂ ਆਯੋਜਿਤ ਇਕ ਰੋਜ਼ਾ ਵਰਕਸ਼ਾਪ, ਵਿਸ਼ਾ ਸ਼ੋਧ ਪ੍ਰਵਿਧੀ ਤੇ ਪ੍ਰਕ੍ਰਿਆ ਵਿੱਚ ਸ਼ਿਰਕਤ।

15 ਅਗਸਤ, 2020 ਅਤੇ 26 ਜਨਵਰੀ, 2021 ਨੂੰ ਕਾਲਜ ਵੱਲੋਂ ਤਿਆਰ ਕੀਤੇ ਗਏ ਰਾਸ਼ਟਰੀ ਗਾਨ ਵਿੱਚ ਸ਼ਮੂਲੀਅਤ।

ਹਿੰਦੀ ਵਿਭਾਗ ਦੇ ਵਿਦਿਆਰਥੀਆਂ ਨੂੰ ਖੋਜ ਮੁਕਾਬਲੇ, ਕਵਿਤਾ ਮੁਕਾਬਲੇ, ਨਿਬੰਧ ਪ੍ਰਤਿਯੋਗਿਤਾ ਮੁਕਾਬਲੇ ਵਿੱਚ ਤਿਆਰੀ ਕਰਵਾ ਕੇ ਪ੍ਰਮਾਣ-ਪੱਤਰ ਹਾਸਿਲ ਕਰਵਾਏ।

## ❖ *ਸਹਿਵਿਦਿਅਕ ਗਤੀਵਿਧੀਆਂ*

ਸਮੂਹ ਸਟਾਫ ਮੈਂਬਰਜ਼ ਨੈ ਕੋਵਿਡ 19 ਸਬੰਧੀ ਆਨਲਾਹੀਨ ਬੇਸਿਕ ਟ੍ਰੇਨਿੰਗ ਲੈ ਕੇ ਸਰਟੀਫਿਕੇਟ ਪ੍ਰਾਪਤ ਕੀਤਾ।ਮਿਸ਼ਨ ਫਤਿਹ ਦੇ ਅਧੀਨ ਮਿਤੀ 30.06.2020 ਨੂੰ ਕਾਜ ਵਿਖੇ ਵੈਬੀਨਾਰ ਕਰਵਾਇਆ ਗਿਆ।29 ਅਗਸਤ 2020 ਨੂੰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ- ਜੀਵਨ ਅਤੇ ਬਾਣੀ ਸਬੰਧੀ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕਾਲਜ ਵੱਨੋਂ ਕੀਤਾ ਗਿਆ।ਮਹਾਤਮਾ ਗਾਂਧੀ ਜੀ ਦੀ ਜਯੰਤੀ ਨੂੰ ਸਮਰਪਿਤ ਆਨਲਾਈਨ ਸੈਮੀਨਾਰ ਕਰਵਾਇਆ ਗਿਆ।

## ❖ *ਐਨ.ਸੀ.ਸੀ.*

- ਡੈਕਲਾਮੇਸ਼ਨ ਕੰਨਟੈਸਟ 19.02.2020 ਨੂੰ ਕਰਵਾਇਆ ਗਿਆ।
- ਐਜੂਕੇਸ਼ਨ ਅਤੇ ਕੈਰੀਅਰ ਸਰਵੇ 23.02.20 ਨੂੰ ਕਰਵਾਇਆ ਗਿਆ ਅਤੇ ਮਿਤੀ 29.02.20 ਨੂੰ ਦਰੱਖਤ ਲਗਾ ਕੇ ਐਨ.ਸੀ.ਸੀ. ਡੇਇਆ ਗਿਆ।
- ਝਖ ਭਰਡਵੇ ਸ਼;ਕਦਪਕ ਸਰਟੀਫਿਕੇਟ ਐਕਟੀਵਿਟੀ ਕਰਵਾਈ ਗਈ।
- ਆਤਮ ਨਿਰਭਰ ਭਾਰਤ ਅਕਟੀਵਿਟੀ ਕਰਵਾਈ ਜਿਸ ਵਿੱਚ ਘਰੇਲੂ ਰੋਜ਼ਗਾਰ ਨੂੰ ਮਹਿਮੀਅਤ ਦਿੱਤੀ ਗਈ।
- ਫਿਟ ਇੰਡੀਆ (22.08.20 ਤੋਂ 02.10.20 ਤੱਕ) ਐਕਟੀਵਿਟੀ ਕਰਵਾਈ ਗਈ।
- ਚੈਟ ਆਨ ਵਟਸਐਪ ਵਿਦ ਯੂ ਰਿਪੋਰਟ ਇੰਡੀਅਨ /ਐਫ.ਬੀ ਮੈਸੰਜਰ ਮਿਤੀ 11.09.2020 ਐਕਟੀਵਿਟੀ ਕਰਵਾਈ ਗਈ।
- ਮਿਤੀ 02.10.20 ਨੂੰ ਮਹਾਤਮਾ ਗਾਂਧੀ ਦੇ ਜਨਮ ਦਿਵਸ ਤੇ ਪੋਸਟਰ ਮੇਕਿੰਗ ਕੰਪੀਟੀਸ਼ਨ ਕਰਵਾਇਆ ।
- ਮਿਤੀ 31.10.20 ਨੂੰ ਸਰਦਾਰ ਵੱਲਭ ਭਾਈ ਪਟੇਲ ਜਨਮ ਦਿਵਸ ਤੇ ਪੋਸਟਰ ਮੇਕਿੰਗ ਕੰਪੀਟੀਸ਼ਨ ਕਰਵਾਇਆ ਗਿਆ।
- ਗਣਤੰਤਰ ਦਿਵਸ ਤੇ ਪਰੇਡ ਕੀਤੀ ਗਈ ਜਿਸ ਵਿੱਚ ਕਾਲਜ ਦੀਆਂ 40 ਵਿਦਿਆਰਥਣਾਂ ਨੇ ਭਾਗ ਲਿਆ।
- 101 ਏਟੀਸੀ ਕੈਂਪ ਪੰਜ ਰੋਜਾ ਕਾਲਜ ਕੈਂਪਸ ਵਿੱਚ ਮਿਤੀ 08.02.2021 ਤੋਂ 12.02.21 ਤੱਕ ਲਗਵਾਇਆ ਗਿਆ।
- ਗਲੰਟਰੀ ਅਵਾਰਡ ਐਕਟੀਵਿਟੀ ਮਿਤੀ 14.02.21 ਨੂੰ ਕਰਵਾਈ ਗਈ।

## ❖ *ਕੌਮੀ ਸੇਵਾ ਯੋਜਨਾ*

- ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ **ਤਿੰਨ ਯੂਨਿਟ** ਹਨ ਜਿਹਨਾਂ ਵਿੱਚ **300** ਵਲੰਟੀਅਰ ਸ਼ਾਮਿਲ ਹਨ।ਐਨ.ਐਸ.ਐਸ. ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੋਗਰਾਮ ਅਫਸਰ ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋਗਰਾਮ ਅਫਸਰ ਅਰੁਨਦੀਪ ਕੌਰ ਅਤੇ ਡਾ. ਮੀਤਿਕਾ ਗੋਇਲ , ਸੇਵਾਵਾਂ ਨਿਭਾ ਰਹੇ ਹਨ।
- ਐਨ.ਐਸ.ਐਸ. ਵਲੰਟੀਅਰਾਂ ਨੇ 22 ਮਾਰਚ 2020 ਨੂੰ ਸਵੇਰੇ 7:00 ਵਜੇ ਤੋਂ ਸ਼ਾਮ 9:00 ਵਜੇ ਤੱਕ ਆਪਣੇ ਘਰਾਂ ਵਿੱਚ ਰਹਿ ਕੇ ਜਨਤਾ ਕਰਵਿਫਊ ਨੂੰ ਸਮਰਥਨ ਦੇਣ ਲਈ ਜਾਗਰੂਕ ਕੀਤਾ। ਆਰੋਗਿਆ ਸੇਤੂ ਐਪ ਡਾਊਨਲੋਡ ਕਰਨ ਲਈ ਜਾਗਰੂਕ ਕੀਤਾ।
- ਕਈ ਵਲੰਟੀਅਰਾਂ ਅਤੇ 03 ਪ੍ਰੋਗਰਾਮ ਅਫਸਰਾਂ ਨੇ ਵਿਨਾਇਕ ਮਿਸ਼ਨ ਰਿਸਰਚ ਫਾਊਨਡੇਸ਼ਨ ਵੱਲੋਂ ਆਯੋਜਿਤ ਕੋਵਿਡ -19 ਕੁਇਜ਼ ਵਿੱਚ ਭਾਗ ਲਿਆ।
- 05 ਜੂਨ 2020 ਨੂੰ ਆਨਲਾਈਨ ਪੋਸਟਰ ਮੁਕਾਬਲੇ ਰਾਂਹੀ ਵਰਲਡ ਇੰਨਵਾਇਰਨਮੈਂਟ ਡੇ ਮਨਾਇਆ।

- 21 ਜੂਨ ਨੂੰ ਆਨਲਾਈਨ ਮੁਕਾਬਲੇ ਆਯੋਜਿਤ ਕਰਕੇ ਇੰਟਰਨੈਸ਼ਨਲ ਯੋਗਾ ਡੇ ਮਨਾਇਆ ਜਿਸਦਾ ਥੀਮ ਸੀ -ਯੋਗਾ ਫਾਰ ਫਿੱਟ ਲਾਈਫ।
- 4 ਜੁਲਾਈ ਨੂੰ ਮਿਸ਼ਨ ਫਤਿਹ ਅਧੀਨ ਘਰ-ਘਰ ਜਾਕੇ ਕਰੋਨਾ ਵਾਈਰਸ ਤੋਂ ਬਚਣ ਲਈ ਜਾਗਰੂਕ ਕੀਤਾ।
- 26 ਜੂਨ ਨੂੰ ਅੰਤਰ ਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ।
- ਅਧਿਆਪਕ ਦਿਵਸ 05 ਸਤੰਬਰ ਨੂੰ ਆਨਲਾਈਨ ਸਲੋਗਨ/ਪੋਸਟਰ ਮੁਕਾਬਲਾ ਕਰਵਾਇਆ।
- 24 ਸਤੰਬਰ 2020 ਨੂੰ ਐਨ.ਐਸ.ਐਸ ਦਿਵਸ ਮੌਕੇ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਤੇ ਐਨ.ਐਸ.ਐਸ ਵਿਭਾਗ ਪੰਜਾਬੀ ਯੂਨੀ ਪਟਿਆਲਾ ਦ ਵੈਬੀਨਾਰ ਵਿੱਚ ਵਲੰਟੀਅਰਾਂ ਸਮੇਤ ਪ੍ਰੋਗਰਾਮ ਅਫਸਰਾਂ ਨੇ ਸ਼ਿਰਕਤ ਕੀਤੀ। ਵੈਬੀਨਾਰ ਵਿਸ਼ਾ ਸੀ-ਇੰਨਵਾਈਰਨਮੈਂਟ , ਸੋਸਾਇਟੀ ਅਤੇ ਮੈਂਟਲ ਹੈਲਥ।
- ਗਾਂਧੀ ਜਯੰਤੀ 02 ਅਕਤੂਬਰ ਨੂੰ ਆਨਲਾਇ.ਨ ਭਜਨ /ਪੋਸਟਰ / ਸਲੋਗਨ ਮੁਕਾਬਲੇ ਗਏ। ਮਤੀ 01 ਦਸੰਬਰ ਨੂੰ ਵਰਲਡ ਏਡਜ਼ ਡੇ ਦੇ ਮੌਕੇ ਆਨਲਾਈਨ ਪੋਸਟਰ /ਸਲੋਗਨ ਮਬਕਾਬਲਾ ਆਯੋਜਿਤ ਕੀਤਾ । ਕੁੱਝ ਵਲੰਟੀਅਰਾਂ ਨੇ ਏਡਜ਼ ਸਬੰਧੀ ਜਾਗਰੂਕਤਾ ਰੈਲੀ ਕੱਢੀ।
- 25 ਜਨਵਰੀ 2021 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ। ਇਸ ਮੂਕੇ ਵਿਦਿਆਰਥੀਆਂ ਨੂੰ ਵੋਟ ਪਾਉਣ ਅਤੇ ਇਸਦੇ ਸਹੀ ਇਸਤੇਮਾਲ ਬਾਰੇ ਰਜਾਗਰੂਕ ਕੀਤਾ ਗਿਆ।
- 08 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਾਇਆ ਗਿਆ ਜਿਸ ਵਿੱਜ ਡਾ.ਸਤਿੰਦਰ ਸਿੰਘ (ਸਿਵਲ ਸਰਜਨ , ਪਟਿਆਲਾ) ਮੁੱਖ ਮਹਿਮਾਨ ਵਜੋਂ ਤੇ ਸਮਾਜ ਸੇਵੀ ਸ਼੍ਰੀਮਤੀ ਸੰਗੀਤਾ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

## ❖ ਰੈੱਡ ਰਿਬਨ ਕਲੱਬ

ਜੂਨ 2020 ਵਿੱਚ ਮਿਸ਼ਨ ਫਤਿਹ ਵਾਰੀਅਰਜ਼ ਅਧੀਨ ਕਈ ਵਿਦਿਆਰਥਦੀ ਤੇ ਨੋਡਲ ਅਫਸਰ ਰਜਿਸਟਰ ਹੋਏ।ਵਲੰਟੀਅਰਾਂ ਨੇ ਆਪਣੇ ਆਲੇ -ਦੁਆਲੇ ਲੋਕਾਂ ਨੂੰ ਮਿਸ਼ਨ ਫਤਿਹ ਤਹਿਤ ਕੋਵਿਡ-19 ਤੋਂ ਬਚਾਅ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਸਬੰਧੀ ਜਾਗਰੂਕ ਕੀਤਾ।

- ਸੰਵਿਧਾਨ ਦਿਵਸ ਦੇ ਮੌਕੇ " Our Constitution , Our Pride" ਆਨਲਾਈਨ ਲੈਕਚਰ ਕਰਾਇਆ ਗਿਆ ਜਿਸਦੇ ਮੁੱਖ ਵਰਤਾ ਸੀ- ਡਾ.ਸ਼ਾਮ ਸੁੰਦਰ ਸ਼ਰਮਾ
- 1 ਦਸੰਬਰ ਨੂੰ ਵਿਸ਼ਵ ਏਡਜ਼ ਦਿਵਸ ਮੌਕੇ ਪੋਸਟਰ/ਸਲੋਗਨ ਮੁਕਾਬਲਾ ਕਰਵਾਇਆ ਗਿਆ।
- 25 ਜਨਵਰੀ 2021 ਨੂੰ ਵੋਟਰ ਦਿਵਸ ਦੇ ਮੌਕੇ ਆਨਲਾਈਨ ਪੋਸਟਰ /ਸਲੋਗਨ ਮੁਕਾਬਲਾ ਕਰਾਇਆ।
- 25 ਫਰਵਰੀ ਨੂੰ ਸਰਕਾਰੀ ਮਹਿੰਦਰਾ ਕਾਲਜ ਵਿਖੇ ਕਰਾਏ ਗਏ ਜਿਲਾ ਪੱਧਰੀ ਮੁਕਾਬਲਿਆਂ ਵਿੱਚ ਕਾਲਜ ਦੀ ਵਿਦਿਆਰਥਣ ਨੇ( ਮਨਪ੍ਰੀਤ ਕੌਰ ਭਾਗ ਦੂਜਾ) ਪੋਸਟਰ ਮੇਕਿੰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

## ❖ ਰੈੱਡ ਕਰਾਸ

ਮਿਤੀ 12.03.2021 ਨੂੰ ਸਰਕਾਰੀ ਕਾਲਜ ਲੜਕੀਆਂ , ਪਟਿਆਲਾ ਵਿਖੇ ਸ਼੍ਰੀਮਤੀ ਜਗਦੀਸ਼ ਕੌਰ ਇੰਚਾਰਜ ਰੈੱਡ ਕਰਾਸ ਯੂਨਿਟ ਅਤੇ ਡਾ. ਬਲਜੀਤ ਕੌਰਦੀ ਅਗਵਾਈ ਹੇਠ ਰੈਡ ਕਰਾਸ ਨਸ਼ਾ ਮੁਕਤੀ ਕੇਂਦਰ ਭਾਰਤ ਸਰਕਾਰ ਦੇ ਸਮਾਜ ਭਲਾਈ ਵਿਭਾਗ ਦੇ ਸਹਿਯੋਗ ਨਾਲ ਸਾਕੇਤ ਹਸਪਤਾਲ (ਬਡੂੰਗਰ) , ਪਟਿਆਲਾ ਦੀ ਟੀਮ ਵੱਲੋਂ ਨਸ਼ਿਆਂ ਦੀਆਂ ਬੁਰਾਈਆਂ ਅਤੇ ਕੋਰੋਨਾ ਮਹਾਂਮਾਰੀ ਤੋਂ ਬਚਾਅ ਅਤੇ ਹਿਤ -ਸੰਭਾਲ ਵਿਸ਼ੇ ਤੇ ਵਿਦਿਆਰਥਣਾਂ ਨੂੰ ਜਾਗਰੂਕ ਕਰਵਾਇਆ ਗਿਆ।ਇਸ ਵਿਸ਼ੇ ਉੱਪਰ ਕਾਲਜ ਦੇ ਪ੍ਰਿੰਸੀਪਲ ਡਾ. ਚਿਰੰਜੀਵ ਕੌਰ ਵੱਲੋਂ ਕੋਰੋਨਾ ਮਹਾਂਮਾਰੀ ਦੌਰਾਨ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਆਦੇਸ਼ਾਂ ਦੀ ਲੋਅ ਵਿੱਚ ਇਸ ਬਿਮਾਰੀ ਤੋਂ ਬਚਣ ਲਈ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ ਗਏ।ਇਸ ਮੌਕੇ ਕਾਲਜ ਦੇ ਸਮੂਹ ਸਟਾਫ ਨੇ ਭਾਗ ਲਿਆ।

## ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ

ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਸੀਮਾ ਮਨਚੰਦਾ , ਮੈਂਬਰ ਪ੍ਰੋ. ਬਲਜਿੰਦਰ ਕੌਰ ਵੱਲੋ ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਭਿੰਨ-ਭਿੰਨ ਕਿਤਿਆਂ ਬਾਰੇ ਜਾਣਕਾਰੀ ਦਿੱਤੀ ਗਈ।

## ***ਸਾਬਕਾ ਵਿਦਿਆਰਥੀ ਸਭਾ***

ਸਾਬਕਾ ਵਿਦਿਆਰਥੀ ਸਭਾ ਦੁਆਰਾ , ਸਮੇਂ-ਸਮੇਂ ਸਿਰ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ , ਕਿਤਾਬਾਂ ਲਈ ਖਰਚ ਕੀਤਾ ਜਾਂਦਾ ਹੈ।

- OSA ਵੱਲੋਂ ਇੱਕ ਕਵਿਤਾ ਲੇਖਣ ਅਤੇ ਲੇਖ ਮੁਕਾਬਲਾ ਕਬਵਾਇਆ ਗਿਆ ਅਤੇ ਤਿੰਨ ਵਿੰਆਰਥਣਾਂ ਨੂੰ ਇਨਾਮ ਦਿੱਤੇ ਗਏ।
- ਡਾ.ਸੀਮਾ ਸ਼ਰਮਾ ਵੱਲੋਂ ਡਾਂਸ ਦੀਆਂ ਵਿਦਿਆਰਥਣਾਂ ਸੁਮਨ ਬਾਲਾ ਐਮ.ਏ. ਦੀ 2000ਰੁ: ਅਤੇ ਗੀਤਾਂਜਲੀ ਦੀ 1000ਰੁ: ਫੀਸ ਭਰੀ ਗਈ।
- ਡਾ. ਕੁਲਵਿੰਦਰ ਕੌਰ ਵੱਲੋਂ ਡਾਂਸ ਦੇ ਵਿਦਿਆਰਥੀਆਂ ਜ਼ਸਪ੍ਰੀਤ ਕੌਰ 1000/-, ਰਵਿੰਦਰ ਕੌਰ ਦੀ 1000/-, ਅਤੇ ਗੀਤਾਂਜਲੀ ਦੀ 1000/- ਰੁਪਏ ਫੀਸ ਭਰੀ ਗਈ।
- ਡਾ. ਪੁਸ਼ਪਿੰਦਰ ਵੱਲੋਂ 5000ਰੁ: ਐਮਏ ਡਾਂਸ -ਦੂਜਾ ਦਮਨਪ੍ਰੀਤ ਕੌਰ , ਰਵਿੰਦਰ ਕੌਰ ਦੀ 2000 ਰੁ: ਜ਼ਸਪ੍ਰੀਤ ਕੌਰ ਦੀ 1000ਰੁ: ਅਤੇ ਬੰਦੂ ਬੈਂਸ ਦੀ 4500ਰੁ: ਫੀਸ ਭਰੀ ਗਈ ਹੈ।
- ੳ.ਐਸ.ਏ ਵੱਲੋਂ ਕਰਵਾਏ ਗਏ ਲੇਖ ਅਤੇ ਕਵਿਤਾ ਮੁਕਾਬਲੇ ਲਈ ਲਈ ਦਿੱਤੇ ਗਏ ਸਾਰੇ ਇਨਾਮ ਦਾ ਖਰਚਾ ਪ੍ਰੋ. ਰਣਜੀਤ ਕੌਰ ਫਾਈਨ ਆਰਟਸ ਵੱਲੋਂ ਕੀਤਾ ਗਿਆ।
- ਡਾ. ਜੀਵਨ ਬਾਲਾ ਵੱਲੋਂ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ ਰਾਂਹੀ ਐਮ.ਏ ਦੀ ਇੱਕ ਵਿਦਿਆਰਥਣ ਦੀ ਕਵਿਤਾ ਸਬੰਧੀ ਪੁਸਤਕ ਰਿਲੀਜ ਕਰਵਾਈ ਗਈ।ਇਸ ਵਿਦਿਆਰਥਣ ਦੀ ਹੌਂਸਲਾ ਅਫਜਾਈ ਲਈ ਮੁੱਖੀ ਡਾਂਸ ਵਿਭਾਗ ਵੱਲੋਂ ਰੁ: 1100 ਦਾ ਨਕਦੀ ਇਨਾਮ ਦਿੱਤਾ ਗਿਆ।

## ❖ **ਕਾਲਜ ਲਾਇਬ੍ਰੇਰੀ**

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ।ਇੱਥੇ ਵੱਖ-ਵੱਖ ਵਿਸ਼ਿਆ ਨਾਲ ਸਬੰਧਤ **57717** ਪੁਸਤਕਾਂ ਹਨ। ਪੁਸਤਕਾਂ ਦੀ ਜਾਣਕਾਰੀ ਕੰਪਿਊਟਰਾਈਜ਼ਡ ਹੋਣ ਕਰਕੇ ਸਟਾਫ਼ ਅਤੇ ਵਿਦਿਆਰਥਣਾਂ ਲਾਇਬ੍ਰੇਰੀ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ **18** ਅਖ਼ਬਾਰ **68** ਰਸਾਲੇ ਆਉਂਦੇ ਹਨ ਜੋ ਕਿ ਵਿਦਿਆਰਥਣਾ ਨੂੰ ਕੰਪੀਟੀਸ਼ਨ ਵਾਸਤੇ ਅਪਡੇਟ ਕਰਨ ਲਈ ਮਦਦਗਾਰ ਹਨ।

- **ਬਰਾਡਬੈਂਡ ਦੇ 2 ਇੰਟਰਨੈੱਟ ਕੁਨੈਕਸ਼ਨ** ਲਾਇਬ੍ਰੇਰੀ ਵਿੱਚ ਹੋਣ ਨਾਲ ਅਤੇ **4 ਕੰਪਿਊਟਰ** ਉਪਲਬਧ ਹੋਣ ਨਾਲ ਸਟਾਫ਼ ਅਤੇ ਵਿਦਿਆਰਥਣਾਂ ਨੇ ਵਿਦਿਅਕ ਕੰਮਾਂ ਲਈ ਇਸ ਦਾ ਭਰਪੂਰ ਫ਼ਾਇਦਾ ਉਠਾਇਆ ਹੈ।

- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ ਜਿਸ ਦੇ ਤਹਿਤ ਈ-ਪੁਸਤਕਾਂ ਅਤੇ ਈ-ਜਰਨਲ ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁੱਹਈਆਂ ਕਰਾਏ ਗਏ ਹਨ। ਪਾਸਵਰਡ ਨਾਲ ਅਤੇ ਸਟਾਫ਼ ਅਤੇ ਵਿਦਿਆਰਥਣਾਂ ਘਰ ਬੈਠ ਕੇ ਹੀ ਇੰਟਰਨੈੱਟ ਤੇ ਇਸ ਦਾ ਫਾਇਦਾ ਉਠਾ ਸਕਦੇ ਹਨ।
- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ।

## ❖ **ਹੋਸਟਲ**

ਕਾਲਜ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ।ਇਸ ਸਮੇਂ ਹੋਸਟਲ ਕੋਵਿਡ -19 ਦੇ ਮੱਦੇਨਜਰ ਬੰਦ ਰਿਹਾ ਸੀ। ਮਿਤੀ 8.12.2021 ਨੂੰ ਹੋਸਟਲ ਖੋਲਿਆ ਗਿਆ ਜਿਸ ਵਿੱਚ 138 ਵਿਦਿਆਰਥਣਾਂ ਰਹਿਣ ਲਈ ਆਈਆਂ।

ਡਾ. ਚਿਰੰਜੀਵ ਕੌਰ
ਪ੍ਰਿੰਸੀਪਲ